**PSPCL** **Punjab State Power Corporation Limited**

(O/O SR.XEN o/p, Division P.S.P.C.L, Garshankar Road , Banga-144505)
Ph No.01823-260040 E-Mail: psebbanga@yahoo.com

ਦਫਤਰੀ ਹੁਕਮ ਨੰ: 146 ਮਿਤੀ: 9-10-26

ਜਿਵੇਂ ਕਿ ਸ਼੍ਰੀ ਸੁਨੀਲ ਦੱਤ,ਸੇਵਾਦਾਰ ਪੁੱਤਰ ਸ਼੍ਰੀ ਰਾਮ ਲੁਭਾਇਆ ਨੂੰ ਵੰਡ ਉੱਪ ਮੰਡਲ ਮੁਕੰਦਪੁਰ ਵਿਖੇ ਡਿਊਟੀ ਨਿਭਾਉਂਦੇ ਸਮੇਂ ਹੇਠ ਲਿਖੀਆਂ ਗਲਤੀਆਂ/ਅਣਗਹਿਲੀਆਂ/ਕੁਤਾਹੀਆਂ ਲਈ ਦੋਸ਼ ਸੂਚੀ ਨੰ:ਸੀ-6940 ਮਿਤੀ 19.08.2025 ਜਾਰੀ ਕੀਤੀ ਗਈ ਸੀ:-

ਉਹ (ਸ਼੍ਰੀ ਸੁਨੀਲ ਦੱਤ,ਸੇਵਾਦਾਰ ਪੁੱਤਰ ਸ਼੍ਰੀ ਰਾਮ ਲੁਬਾਇਆ) ਜਦੋਂ ਵੰਡ ਉੱਪਮੰਡਲ ਪਾਵਰਕਾਮ ਮੁਕੰਦਪੁਰ ਵਿਖੇ ਬਤੌਰ ਸੇਵਾਦਾਰ ਤੈਨਾਤ ਰਹਿੰਦੇ ਹੋਏ ਆਪਣੀ ਡਿਊਟੀ ਪ੍ਰਤੀ ਹੇਠ ਲਿਖੀਆਂ ਅਣਗਹਿਲੀਆਂ/ਕੁਤਾਹੀਆਂ/ਬੇਨਿਯਮੀਆਂ ਕੀਤੀਆਂ ਹਨ ,ਜਿਸ ਕਾਰਨ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਣੀ ਬਣਦੀ ਹੈ।

ਜਦੋਂ ਉਹ (ਸ਼੍ਰੀ ਸੁਨੀਲ ਦੱਤ,ਸੇਵਾਦਾਰ ਪੁੱਤਰ ਸ਼੍ਰੀ ਰਾਮ ਲੁਬਾਇਆ) ਵੰਡ ਉੱਪਮੰਡਲ ਪਾਵਰਕਾਮ ਮੁਕੰਦਪੁਰ ਅਧੀਨ ਬਤੌਰ ਸੇਵਾਦਾਰ ਤੈਨਾਤ ਸੀ ਤਾਂ ਉਹ ਆਪਣੀ ਡਿਊਟੀ ਤੋਂ ਵਾਰ-ਵਾਰ ਗੈਰ ਹਾਜਰ ਹੁੰਦਾ ਰਿਹਾ , ਜਿਸ ਕਰਕੇ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈਆਂ ਕੀਤੀਆਂ ਜਾਂਦੀਆਂ ਰਹੀਆਂ ਸਨ । ਕਰਮਚਾਰੀ, ਮਿਤੀ 19.08.2021 ਤੋਂ ਮਨਮਰਜੀ ਨਾਲ ਲਗਾਤਾਰ ਡਿਊਟੀ ਤੋਂ ਗੈਰ ਹਾਜਿਰ ਸੀ, ਜਿਸ ਕਾਰਨ ਉਸ ਵਿਰੁੱਧ ਦੋਸ਼ ਸੂਚੀ ਨੰ:6463 ਮਿਤੀ 15.09.2023 ਜਾਰੀ ਕੀਤੀ ਗਈ ਸੀ,ਜਿਸਦਾ ਫੈਸਲਾ ਸੀਨੀਅਰ ਕਾਰਜਕਾਰੀ ਇੰਜੀਨੀਅਰ ਵੰਡ ਮੰਡਲ ਬੰਗਾ ਜੀ ਦੇ ਦਫਤਰੀ ਹੁਕਮ ਨੰ:101 ਮਿਤੀ 06.03.2024 ਨਾਲ ਕੀਤਾ ਗਿਆ ਸੀ । ਇਸ ਉਪਰੰਤ ਕਰਮਚਾਰੀ ਦੇ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਰਹਿਣ ਕਰਕੇ ਕਰਮਚਾਰੀ ਵੱਲੋਂ ਆਪਣੀ ਡਿਊਟੀ ਜੁਆਇੰਨ ਕਰਨ ਲਈ ਬਿਨੈਪੱਤਰ ਅਮਲਾ ਅਗਜਟੀ-4 ਪਾਵਰਕਾਮ ਪਟਿਆਲਾ ਵਿਖੇ ਦਿੱਤਾ ਗਿਆ, ਜਿਸ ਦੇ ਸੰਬੰਧ ਵਿੱਚ ਡਿਪਟੀ ਸੈਕਟਰੀ/ਈ.ਐੱਨ.ਜੀ-1 ਪਾਵਰਕਾਮ ਪਟਿਆਲਾ ਵੱਲੋਂ ਆਪਣੇ ਦਫਤਰੀ ਹੁਕਮ ਨੰ:329 ਮਿਤੀ 25.10.2023 ਰਾਂਹੀ ਕਰਮਚਾਰੀ ਦੇ ਡਿਊਟੀ ਤੋਂ ਗੈਰ ਹਾਜਰੀ ਉਪਰੰਤ ਅਗਲੇਰੇ ਤੈਨਾਤੀ ਦੇ ਹੁਕਮ ਟੈਕਨੀਕਲ ਯੂਨਿਟ-2 ਨਹਿਰੂ ਗਾਰਡਨ ਜਲੰਧਰ ਅਧੀਨ ਵੰਡ ਪੂਰਬ ਮੰਡਲ ਜਲੰਧਰ ਵਿਖੇ ਕੀਤੇ ਗਏ ਸਨ। ਅਗਲੇਰੇ ਤੈਨਾਤੀ ਸਟੇਸ਼ਨ ਵਧੀਕ ਨਿਗਰਾਨ ਇੰਜੀਨੀਅਰ ਪੂਰਬ ਮੰਡਲ ਜਲੰਧਰ ਵਿਖੇ ਕਰਮਚਾਰੀ ਦੇ ਡਿਊਟੀ ਜੁਆਇੰਨ ਕਰਨ ਜਾਂ ਨਾ ਕਰਨ ਬਾਰੇ ਸੂਚਨਾਂ ਪ੍ਰਾਪਤ ਕਰਨ ਲਈ ਵੰਡ ਮੰਡਲ ਬੰਗਾ ਵੱਲੋਂ ਪੱਤਰ ਨੰ:8258 ਮਿਤੀ 10.12.2024 ਲਿਖਿਆ ਗਿਆ, ਜਿਸ ਦੇ ਜਵਾਬ ਵਜੋਂ ਵਧੀਕ ਨਿਗਰਾਨ ਇੰਜੀਨੀਅਰ ਪੂਰਬ ਮੰਡਲ ਜਲੰਧਰ ਦੇ ਪੱਤਰ ਨੰ:140 ਮਿਤੀ 09.01.2025 ਰਾਂਹੀ ਵੰਡ ਮੰਡਲ ਬੰਗਾ ਨੂੰ ਸੂਚਿਤ ਕੀਤਾ ਗਿਆ ਕਿ ਕਰਮਚਾਰੀ ਵੱਲੋਂ ਡਿਪਟੀ ਸੈਕਟਰੀ-ਈ.ਐੱਨ.ਜੀ-1 ਪਾਵਰਕਾਮ ਪਟਿਆਲਾ ਦੇ ਦਫਤਰੀ ਹੁਕਮ 329 ਮਿਤੀ 25.10.2023 ਮੁਤਾਬਿਕ ਉਨ੍ਹਾਂ ਅਧੀਨ ਉੱਪ ਮੰਡਲ ਟੈਕਨੀਕਲ-2 ਨਹਿਰੂ ਗਾਰਡਨ ਵਿਖੇ ਜੁਆਇੰਨ ਨਹੀਂ ਕੀਤਾ ਹੈ । ਕਰਮਚਾਰੀ ਦੇ ਡਿਊਟੀ ਜੁਆਇੰਨ ਨਾ ਕਰਨ ਸੰਬੰਧੀ ਕਾਰਵਾਈ ਕਰਨ ਲਈ ਵੰਡ ਉੱਤਰ ਜੋਨ ਜਲੰਧਰ ਜੀ ਦੇ ਪਿੱਠਅੰਕਣ ਨੰ:1827 ਮਿਤੀ 10.03.2025 ਰਾਂਹੀ ਇਸ ਦਫਤਰ ਨੂੰ ਆਪਣੇ ਪੱਧਰ ਤੇ ਕਾਰਵਾਈ ਕਰਨ ਲਈ ਹਦਾਇਤਾਂ ਪ੍ਰਾਪਤ ਹੋਈਆ ਹਨ।

ਉਸ (ਸ਼੍ਰੀ ਸੁਨੀਲ ਦੱਤ,ਸੇਵਾਦਾਰ ਪੁੱਤਰ ਸ਼੍ਰੀ ਰਾਮ ਲੁਬਾਇਆ) ਨੂੰ ਵੰਡ ਮੰਡਲ ਬੰਗਾ ਦੇ ਪੱਤਰ ਨੰ:4142 ਮਿਤੀ 19.05.2025 ਨਾਲ ਉਸ ਦੇ ਗੈਰ ਹਾਜਰ ਹੋਣ ਤੇ ਅਗਲੇਰੇ ਤੈਨਾਤੀ ਸਟੇਸ਼ਨ ਤੇ ਡਿਊਟੀ ਨਾਂ ਜੁਆਇੰਨ ਕਰਨ ਕਾਰਨ ਜਵਾਬ ਤਲਬੀ ਮੰਗੀ ਗਈ ਸੀ। ਜਿਸਦੇ ਸੰਬੰਧ ਵਿੱਚ ਕਰਮਚਾਰੀ ਵੱਲੋਂ ਵੰਡ ਮੰਡਲ ਬੰਗਾ ਦੇ ਡਾਇਰੀ ਨੰ:1807 ਮਿਤੀ 02.06.2025 ਰਾਂਹੀ ਆਪਣੀ ਜਵਾਬਤਲਬੀ ਪੇਸ਼ ਕੀਤੀ ਹੈ। ਜਵਾਬਤਲਬੀ ਵਿੱਚ ਕਰਮਚਾਰੀ ਵੱਲੋਂ ਡਿਊਟੀ ਜੁਆਇੰਨ ਨਾ ਕਰਨ ਦਾ ਕਾਰਨ ਉਸਦੇ ਮਾਤਾ ਦੇ ਅਚਾਨਕ ਬਿਮਾਰ ਹੋਣਾ ਲਿਖਿਆ ਹੈ। ਪਰ ਉਸ ਵੱਲੋਂ ਮਾਤਾ ਦੇ ਅਚਾਨਕ ਬਿਮਾਰ ਹੋਣ ਬਾਰੇ ਕੋਈ ਦਸਤਾਵੇਜੀ ਸਬੂਤ ਪੇਸ਼ ਨਹੀਂ ਕੀਤਾ ਹੈ। ਇਸ ਲਈ ਨਿਮਨਹਸਤਾਖਰ

ਕਰਤਾ ਕਰਮਚਾਰੀ ਦੀ ਜਵਾਬ ਤਲਬੀ ਨਾਲ ਸਹਿਮਤ ਨਹੀਂ ਹੈ, ਕਿਉਂਕਿ ਕਰਮਚਾਰੀ ਮਨਮਰਜੀ ਨਾਲ ਡਿਊਟੀ ਤੋਂ ਗੈਰ ਹਾਜਿਰ ਰਹਿਣ ਦਾ ਆਦੀ ਹੈ ਅਤੇ ਉਹ ਆਪਣੀ ਡਿਊਟੀ ਪ੍ਰਤੀ ਗੈਰ ਜੁੰਮੇਵਾਰ ਹੈ। ਇਹ ਕਰਮਚਾਰੀ ਗੈਰ ਹਾਜਰੀ ਤੋਂ ਬਾਅਦ ਡਿਊਟੀ ਜੁਆਇੰਨ ਕਰਨ ਲਈ ਬੇਨਤੀ ਪੱਤਰ ਦਿੰਦਾ ਹੈ ਅਤੇ ਡਿਊਟੀ ਤੋਂ ਗੈਰ ਹਾਜਰ ਰਹਿਣ ਸੰਬੰਧੀ ਆਪਣਾ ਸਪੱਸ਼ਟੀਕਰਨ ਦਿੰਦਾ ਹੈ। ਕਰਮਚਾਰੀ ਡਿਊਟੀ ਤੋਂ ਗੈਂਰ ਹਾਜਰ ਰਹਿਣ ਸੰਬੰਧੀ ਹਰ ਵਾਰੀ ਨਵਾਂ ਬਹਾਨਾਂ ਬਣਾਉਣ ਦਾ ਆਦੀ ਹੈ। ਕਰਮਚਾਰੀ ਆਪਣੀ ਡਿਊਟੀ ਪ੍ਰਤੀ ਗੈਰ ਜੁੰਮੇਵਾਰ/ਡਿਊਟੀ ਪ੍ਰਤੀ ਗੈਰ ਸੰਜੀਦਾ ਹੋਣ ਕਰਕੇ ਅਤੇ ਉਸ ਵੱਲੋਂ ਦਿੱਤੀ ਜਵਾਬਤਲਬੀ ਤਸੱਲੀਬਖਸ਼ ਨਾ ਹੋਣ ਕਰਕੇ ਨਿਮਨਹਸਤਾਖਰ ਕਰਤਾ ਉਸਦੇ ਸਪੱਸ਼ਟੀਕਰਨ ਨਾਲ ਸਹਿਮਤ ਨਹੀਂ ਹੈ। ਕਰਮਚਾਰੀ ਲਗਾਤਾਰ ਡਿਊਟੀ ਤੋਂ ਗੈਰ ਹਾਜਰ ਰਹਿਣ ਕਰਕੇ ਉਸ ਵਿਰੁੱਧ ਪਾਵਰਕਾਮ ਦੇ ਨਿਯਮਾਂ/ਹਦਾਇਤਾਂ ਮੁਤਾਬਿਕ ਕਾਰਵਾਈ ਕਰਨੀਂ ਬਣਦੀ ਹੈ।

ਇਸ ਲਈ ਉਪਰੋਕਤ ਅਨੁਸਾਰ ਕਰਮਚਾਰੀ ਸ੍ਰੀ ਸੁਨੀਲ ਦੱਤ,ਸੇਵਾਦਾਰ ਪੁੱਤਰ ਸ੍ਰੀ ਰਾਮ ਲੁਬਾਇਆ (ਇੰਪ.ਆਈ.ਡੀ 312035) ਵੱਲੋਂ ਡਿਊਟੀ ਦੌਰਾਨ ਕੀਤੀਆਂ ਗਈਆਂ ਉਕਤ ਗਲਤੀਆਂ/ਅਣਗਹਿਲੀਆਂ/ਕੁਤਾਹੀਆਂ ਲਈ ਸਿੱਧੇ ਤੌਰ ਤੇ ਜਿੰਮੇਵਾਰ ਹੈ ਅਤੇ ਉਹ ਮੁੱਖ ਇੰਜੀਨੀਅਰ ਐੱਚ.ਆਰ.ਡੀ (ਸਰਵਿਸ-2) ਪਟਿਆਲਾ ਜੀ ਦੇ ਦਫਤਰ ਦੇ ਮੀਮੋਂ ਨੰ:1046/ਆਈ.ਆਰ.ਪੀ ਮਿਤੀ 19.10.2020 ਮੁਤਾਬਿਕ ,ਇੰਪਲਾਈ ਕੰਡਕਟ ਰੈਗੂਲੇਸ਼ਨ 1971 ਦੇ ਨਿਯਮ 4 (1) (2) ਅਤੇ ਪੰਜਾਬ ਰਾਜ ਬਿਜਲੀ ਬੋਰਡ( ਹੁਣ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ.) ਦੇ ਸਜਾ ਅਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ( V to IX ) ਤਹਿਤ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦਾ ਹੈ।

1. ਜਿਵੇਂ ਕਿ ਦੋਸ਼ ਸੂਚੀ ਨੰ:ਸੀ-6940 ਮਿਤੀ 19.08.2025 ਕਰਮਚਾਰੀ ਵੱਲੋਂ ਮਿਤੀ 25.08.2025 ਨੂੰ ਪ੍ਰਾਪਤ ਕਰਕੇ ਪ੍ਰਾਪਤੀ ਰਸੀਦ ਲਿਖੀ ਗਈ ਹੈ।
2. ਜਿਵੇਂ ਕਿ ਕਰਮਚਾਰੀ ਵੱਲੋਂ ਮਿਤੀ 27.08.2025 ਨੂੰ ਦੋਸ਼ ਸੂਚੀ ਦੇ ਸੰਬੰਧ ਵਿੱਚ ਆਪਣਾ ਜਵਾਬ ਪੇਸ਼ ਕੀਤਾ।
3. ਜਿਵੇਂ ਕਿ ਕਰਮਚਾਰੀ ਦੇ ਜਵਾਬ ਤੇ ਸੰਬੰਧਿਤ ਦਫਤਰਾਂ ਦੇ ਸਬੰਧਿਤ ਅਧਿਕਾਰੀਆਂ ਪਾਸੋਂ ਟਿੱਪਣੀਆਂ ਮੰਗਵਾਈਆਂ ਗਈਆਂ।
4. ਜਿਵੇਂ ਕਿ ਇਸ ਦੋਸ਼ ਸੂਚੀ ਦੇ ਸੰਬੰਧ ਵਿੱਚ ਦਫਤਰੀ ਹੁਕਮ ਨੰ:164 ਮਿਤੀ 06.10.2025 ਨਾਲ ਇੰਜ:ਨਰੇਸ਼ ਕੁਮਾਰ ਦੀਪਕ,ਸਹਾਇਕ ਇੰਜੀਨੀਅਰ, ਵੰਡ ਉੱਪ ਮੰਡਲ-1 ਬਹਿਰਾਮ ਨੂੰ ਪੜਤਾਲੀਆਂ ਅਫਸਰ ਨਿਯੁਕਤ ਕਰਕੇ ਕੇਸ ਦੀ ਵਿਭਾਗੀ ਪੜਤਾਲ ਕਰਵਾਈ ਗਈ , ਜਿਸਦੀ ਵਿਭਾਗੀ ਪੜਤਾਲ ਰਿਪੋਰਟ ਦਾ ਸਿੱਟਾ ਹੇਠ ਲਿਖੇ ਅਨੁਸਾਰ ਹੈ:-

   " ਉਪਰੋਕਤ ਅਨੁਸਾਰ ਇਸ ਲਈ ਕਰਮਚਾਰੀ ਸ੍ਰੀ ਸੁਨੀਲ ਦੱਤ ਬਹਾਨੇ ਬਣਾ ਕੇ ਝੂਠ ਬੋਲ ਕੇ ਲਗਾਤਾਰ ਗੈਰ ਹਾਜਰ ਹੋਣ ਦਾ ਆਦੀ ਅਤੇ ਆਪਣੀ ਡਿਊਟੀ ਤੋਂ ਗੈਰ ਜੁਮੇਵਾਰ/ਕੁਤਾਹੀ ਵਰਤਨ ਲਈ ਸਿੱਧੇ ਤੌਰ ਤੇ ਦੋਸ਼ੀ ਪਾਇਆ ਜਾਂਦਾ ਹੈ। ਉਪਰੋਕਤ ਤੱਥਾਂ ਨੂੰ ਮੁੱਖ ਰਖਦੇ ਹੋਏ ਕਰਮਚਾਰੀ ਸ੍ਰੀ ਸੁਨੀਲ ਦੱਤ,ਸੇਵਾਦਾਰ ਪੁੱਤਰ ਸ੍ਰੀ ਰਾਮ ਲੁਬਾਇਆ (ਇੰਪ.ਆਈ.ਡੀ 312035) ਵੱਲੋਂ ਡਿਊਟੀ ਦੌਰਾਨ ਕੀਤੀਆਂ ਗਈਆਂ ਉਕਤ ਗਲਤੀਆਂ/ਅਣਗਹਿਲੀਆਂ/ਕੁਤਾਹੀਆਂ ਲਈ ਸਿੱਧੇ ਤੌਰ ਤੇ ਜਿੰਮੇਵਾਰ ਹੈ ਅਤੇ ਉਹ ਮੁੱਖ ਇੰਜੀਨੀਅਰ ਐਚ.ਆਰ.ਡੀ (ਸਰਵਿਸ-2) ਪਟਿਆਲਾ ਜੀ ਦੇ ਦਫਤਰ ਦੇ ਮੀਮੋਂ ਨੰ:1046/ਆਈ.ਆਰ.ਪੀ ਮਿਤੀ 19.10.2020 ਮੁਤਾਬਿਕ ,ਇੰਪਲਾਈ ਕੰਡਕਟ ਰੈਗੂਲੇਸ਼ਨ 1971 ਦੇ ਨਿਯਮ 4 (1)(2) ਅਤੇ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ:) ਦੇ ਸਜਾ ਅਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5(V to IX) ਤਹਿਤ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦਾ ਹੈ। "

5. ਜਿਵੇਂ ਕਿ ਕਰਮਚਾਰੀ ਵੱਲੋਂ ਦਿੱਤੇ ਜਵਾਬ,ਟਿੱਪਣੀਆਂ ਅਤੇ ਤੱਥਾਂ ਨੂੰ ਘੋਖਣ ਉਪਰੰਤ ਪੜਤਾਲੀਆ ਅਫਸਰ ਇਸ ਨਤੀਜੇ ਤੇ ਪਹੁੰਚਿਆ ਹੈ ਕਿ ਕਰਮਚਾਰੀ ਵੱਲੋਂ ਕੀਤੀਆਂ ਗਈਆਂ ਗਲਤੀਆਂ/ਅਣਗਹਿਲੀਆਂ/ਕੁਤਾਹੀਆਂ ਲਈ ਉਹ ਸਿੱਧੇ ਤੌਰ ਤੇ ਜਿੰਮੇਵਾਰ ਹੈ।

6. ਜਿਵੇ ਕਿ ਵਿਭਾਗੀ ਪੜਤਾਲ ਰਿਪੋਰਟ ਪੱਤਰ ਨੰ:1362 ਮਿਤੀ 25.02.2026 ਰਾਂਹੀ ਪ੍ਰਤੀਵੇਦਨਾਂ ਦੇਣ ਲਈ ਕਰਮਚਾਰੀ ਨੂੰ ਉੱਪ ਮੰਡਲ ਮੁਕੰਦਪੁਰ ਵੱਲੋਂ ਰਜਿਸਟਰਡ ਡਾਕ ਰਸੀਦ ਨੰ:EY070765354IN ਮਿਤੀ 25.03.2026 ਰਾਂਹੀ ਕਰਮਚਾਰੀ ਦੇ ਪਤੇ ਤੇ ਭੇਜੀ ਗਈ ਜੋ ਕਿ ਡਾਕ ਵਿਭਾਗ ਦੇ ਆਨਲਾਈਨ ਸਟੇਟਸ ਮੁਤਾਬਿਕ ਮਿਤੀ 28.03.2026 ਸਮਾਂ 15:08:04 ਵਜੇ ਕਰਮਚਾਰੀ ਦੇ ਘਰ ਦੇ ਪਤੇ ਤੇ ਪ੍ਰਾਪਤ ਹੋ

ਚੁੱਕੀ ਹੈ ਅਤੇ ਇਹ ਪੜਤਾਲ ਰਿਪੋਰਟ/ਪੱਤਰ ਕਰਮਚਾਰੀ ਵੱਲੋਂ ਮਿਤੀ 17.07.2026 ਨੂੰ ਪ੍ਰਾਪਤੀ ਰਸੀਦ ਦਿੰਦੇ ਹੋਏ ਲਿਖਿਆ ਹੈ ਕਿ ਇਹ ਪੜਤਾਲ ਰਿਪੋਰਟ ਉਸਨੂੰ ਰਜਿਸਟਰ ਡਾਕ ਰਾਂਹੀ ਮਿਤੀ 28.03.2026 ਨੂੰ ਪ੍ਰਾਪਤ ਹੋ ਚੁੱਕੀ ਹੈ।

7. ਜਿਵੇਂ ਕਿ ਕਾਮੇਂ ਨੂੰ ਪੜਤਾਲ ਰਿਪੋਰਟ ਦੇ ਸੰਬੰਧ ਵਿੱਚ ਆਪਣਾ ਪੱਖ ਰੱਖਣ ਲਈ ਰਜਿਸਟਰਡ ਪੱਤਰ ਨੰ:1362 ਮਿਤੀ 25.02.2026,ਪੱਤਰ ਨੰ:2989 ਮਿਤੀ 24.04.2026 ਅਤੇ ਪੱਤਰ ਨੰ:3268 ਮਿਤੀ 07.05.2026 ਲਿਖੇ ਗਏ, ਪਰ ਉਸ ਵੱਲੋਂ ਕੋਈ ਪੱਖ ਪੇਸ਼ ਨਹੀਂ ਕੀਤਾ ਗਿਆ ।

8. ਜਿਵੇਂ ਕਿ ਉਸਨੂੰ ਪੱਤਰ ਨੰ:4879 ਮਿਤੀ 23.06.2026,ਪੱਤਰ ਨੰ:5943 ਮਿਤੀ 30.07.2026, ਪੱਤਰ ਨੰ:6659 ਮਿਤੀ 17.08.2026 ਅਤੇ ਪੱਤਰ ਨੰ:7307 ਮਿਤੀ 14.09.2026 ਨਾਲ ਕਰਮਚਾਰੀ ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ , ਪਰ ਉਹ ਪੇਸ਼ ਨਹੀਂ ਹੋਇਆ।

ਜਿਵੇਂ ਕਿ ਕਾਮੇਂ ਦਾ ਕੇਸ ਸਮੇਤ ਸੰਬੰਧਿਤ ਰਿਕਾਰਡ ,ਕਾਮੇਂ ਵੱਲੋਂ ਦਿੱਤਾ ਗਿਆ ਜਵਾਬ,ਫੀਲਡ ਦਫਤਰ ਦੀਆਂ ਟਿੱਪਣੀਆਂ,ਵਿਭਾਗੀ ਪੜਤਾਲ ਰਿਪੋਰਟ,ਰਿਬੱਟਲ,ਨਿੱਜੀ ਸੁਣਵਾਈਆਂ ਦੇ ਮੌਕੇ ਆਦਿ ਸਮਰੱਥ ਅਧਿਕਾਰੀ ਵੱਲੋਂ ਵਿਚਾਰਿਆ ਗਿਆ ਅਤੇ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਜਾਂਦੇ ਹਨ:-

ਉਪਰੋਕਤ ਤੱਥਾਂ ਦੇ ਤਹਿਤ ਸਪੱਸ਼ਟ ਹੈ ਕਿ ਉਹ (ਸ਼੍ਰੀ ਸੁਨੀਲ ਦੱਤ,ਸੇਵਾਦਾਰ), ਜੋ ਕਿ ਮਿਤੀ 19.08.2021 ਤੋਂ ਮਨਮਰਜੀ ਨਾਲ ਲਗਾਤਾਰ ਡਿਊਟੀ ਤੋਂ ਗੈਰ ਹਾਜਿਰ ਸੀ, ਜਿਸ ਕਾਰਨ ਉਸ ਵਿਰੁੱਧ ਦੋਸ਼ ਸੂਚੀ ਜਾਰੀ ਹੋਈ ਸੀ ਅਤੇ ਜਿਸਦਾ ਫੈਸਲਾ ਵੀ ਹੋ ਚੁੱਕਾ ਸੀ। ਇਸ ਉਪਰੰਤ ਕਰਮਚਾਰੀ ਦੇ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਰਹਿਣ ਕਰਕੇ ਕਰਮਚਾਰੀ ਵੱਲੋਂ ਆਪਣੀ ਡਿਊਟੀ ਜੁਆਇੰਨ ਕਰਨ ਲਈ ਅਮਲਾ ਅਗਜਟੀ-4 ਪਾਵਰਕਾਮ ਪਟਿਆਲਾ ਵਿਖੇ ਬਿਨੈਪੱਤਰ ਦਿੱਤਾ ਗਿਆ ਸੀ, ਜਿਸ ਦੇ ਸੰਬੰਧ ਵਿੱਚ ਡਿਪਟੀ ਸੈਕਟਰੀ/ਈ.ਐੱਨ.ਜੀ-1 ਪਾਵਰਕਾਮ ਪਟਿਆਲਾ ਵੱਲੋਂ ਆਪਣੀ ਦਫਤਰੀ ਹੁਕਮ ਨੰ:329 ਮਿਤੀ 25.10.2023 ਰਾਂਹੀ ਕਰਮਚਾਰੀ ਦੇ ਡਿਊਟੀ ਤੋਂ ਗੈਰ ਹਾਜਰੀ ਉਪਰੰਤ ਅਗਲੇਰੇ ਤੈਨਾਤੀ ਦੇ ਹੁਕਮ ਟੈਕਨੀਕਲ ਯੂਨਿਟ-2 ਨਹਿਰੂ ਗਾਰਡਨ, ਜਲੰਧਰ ਅਧੀਨ ਵੰਡ ਪੂਰਬ ਮੰਡਲ ਜਲੰਧਰ ਵਿਖੇ ਕੀਤੇ ਗਏ ਸਨ। ਪਰ ਕਰਮਚਾਰੀ ਵੱਲੋਂ ਫਿਰ ਵੀ ਡਿਊਟੀ ਜੁਆਇੰਨ ਨਹੀਂ ਕੀਤੀ ਗਈ। ਜਿਸ ਤੋਂ ਸਪੱਸ਼ਟ ਹੈ ਕਿ ਕਰਮਚਾਰੀ ਡਿਊਟੀ ਪ੍ਰਤੀ ਗੈਰ ਸੰਜੀਦਾ/ਗੈਰ ਜਿੰਮੇਵਾਰ ਹੈ। ਇਸ ਸੰਬੰਧੀ ਮੁੱਖ ਇੰਜੀਨੀਅਰ ਐਚ.ਆਰ.ਡੀ (ਸਰਵਿਸ-2) ਪਟਿਆਲਾ ਜੀ ਦੇ ਦਫਤਰ ਦੇ ਮੀਮੋਂ ਨੰ:1046/ਆਈ.ਆਰ.ਪੀ ਮਿਤੀ 19.10.2020 ਮੁਤਾਬਿਕ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨ੍ਹਾਂ ਪਹਿਲਾਂ ਛੁੱਟੀ ਮਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ ਹਾਜਰ ਰਹਿੰਦਾ ਹੈ ਅਤੇ ਇਹ ਗੈਰ ਹਾਜਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਸਮਾਂ ਹੋ ਜਾਦਾਂ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ, ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ। ਮੁੱਖ ਇੰਜੀਨੀਅਰ ਐਚ.ਆਰ.ਡੀ (ਸਰਵਿਸ-2) ਪਟਿਆਲਾ ਜੀ ਦੇ ਦਫਤਰ ਦੇ ਮੀਮੋਂ ਨੰ:1046/ਆਈ.ਆਰ.ਪੀ ਮਿਤੀ 19.10.2020 ਰਾਂਹੀ ਜਾਰੀ ਹਦਾਇਤਾਂ ਦੇ ਮੱਦੇਨਜਰ ਅਤੇ ਪਾਵਰਕਾਮ ਦੇ ਨਿਯਮਾਂ ਅਧੀਨ ਕਰਮਚਾਰੀ (ਸ਼੍ਰੀ ਸੁਨੀਲ ਦੱਤ, ਸੇਵਾਦਾਰ , ਆਈ.ਡੀ 312035 ਪੁੱਤਰ ਸ਼੍ਰੀ ਰਾਮ ਲੁਭਾਇਆ) ਨੂੰ ਮਿਤੀ 25.10.2023 ਤੋਂ ਪਾਵਰਕਾਮ ਦੀਆਂ ਸੇਵਾਵਾਂ ਤੋਂ ਅਸਤੀਫਾ (Deemed Resignation) ਦਿੱਤਾ ਗਿਆ ਸਮਝਿਆ/ਮੰਨਿਆ ਜਾਂਦਾ ਹੈ। ਕਰਮਚਾਰੀ ਨੂੰ ਮੁੜ ਮਹਿਕਮੇਂ ਅਧੀਨ ਸਰਕਾਰੀ ਸੇਵਾਵਾਂ ਤੇ ਜੁਆਇੰਨ ਨਹੀਂ ਕਰਵਾਇਆ ਜਾਵੇਗਾ। ਇਨ੍ਹਾਂ ਹਦਾਇਤਾਂ ਦੇ ਸਨਮੁੱਖ ਪਾਵਰਕਾਮ ਵਿੱਚੋਂ ਕਰਮਚਾਰੀ ਸ਼੍ਰੀ ਸੁਨੀਲ ਦੱਤ, ਸੇਵਾਦਾਰ ਪੁੱਤਰ ਸ਼੍ਰੀ ਰਾਮ ਲੁਭਾਇਆ ਦੀਆਂ ਸੇਵਾਵਾਂ ਮਿਤੀ 25.10.2023 ਤੋਂ ਖਤਮ ਕੀਤੀਆਂ ਜਾਂਦੀਆਂ ਹਨ।

**ਉਕਤ ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-**

| | | | |
|---|---|---|---|
| 1. | **ਕਰਮਚਾਰੀ ਦਾ ਨਾਮ/ਅਹੁੱਦਾ/ਆਈ.ਡੀ ਨੰ** | : | **ਸ਼੍ਰੀ ਸੁਨੀਲ ਦੱਤ,ਸੇਵਾਦਾਰ,ਆਈ.ਡੀ : 312035** |
| 2. | **ਪਿਤਾ ਦਾ ਨਾਮ** | : | **ਸ਼੍ਰੀ ਰਾਮ ਲੁਭਾਇਆ** |
| 3. | **ਜਨਮ ਮਿਤੀ** | : | **22.09.1988** |
| 4. | **ਮਹਿਕਮੇਂ ਵਿੱਚ ਭਰਤੀ ਹੋਣ ਦੀ ਮਿਤੀ** | : | **09.09.2014** |
| 5. | **ਘਰ ਦਾ ਪਤਾ** | : | **ਪਿੰਡ /ਡਾਕ: ਲਕਸੀਹਾਂ,ਤਹਿਸੀਲ:ਗੜ੍ਹਸ਼ੰਕਰ,ਜਿਲ੍ਹਾ ਹੁਸ਼ਿਆਰਪੁਰ-146108** |

ਸੀਨੀਅਰ ਕਾਰਜਕਾਰੀ ਇੰਜੀਨੀਅਰ
ਵੰਡ ਮੰਡਲ ਪਾਵਰਕਾਮ ਬੰਗਾ

ਪਿੰਠਅੰਕਣ ਨੰ: 8452/71 ਮਿਤੀ: 9-10-26

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫਤਰਾਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਪਬਲਿਕ ਰਿਲੇਸ਼ਨ ,ਪਾਵਰਕਾਮ ਪਟਿਆਲਾ
2. ਕੰਪਨੀ ਸਕੱਤਰ/ਪੰਜਾਬ ਰਾਜ ਪਾਵਰ ਕਾਰਪੋਰੇਸਨ ਲਿਮਟਿਡ ,ਪਟਿਆਲਾ
3. ਮੁੱਖ ਪ੍ਰਬੰਧਕੀ /ਪੈਨਸ਼ਨ ਭਾਗ,ਪਾਵਰਕਾਮ ਪਟਿਆਲਾ
4. ਮੁੱਖ ਪ੍ਰਬੰਧਕੀ/ਅਗਜਟੀ ਅਮਲਾ,ਪਾਵਰਕਾਮ ਪਟਿਆਲਾ
5. ਕਾਨੂੰਨੀ ਸਲਾਹਕਾਰ,ਪਾਵਰਕਾਮ ਪਟਿਆਲਾ
6. ਮੁੱਖ ਲੇਖਾ ਅਫਸਰ ਪਾਵਰਕਾਮ ਪਟਿਆਲਾ
7. ਮੁੱਖ ਆਡੀਟਰ/ਪਾਵਰਕਾਮ ਪਟਿਆਲਾ,
8. ਸਮੂਹ ਇੰਜ: ਇੰਨ ਚੀਫ/ਜਨਰਲ ਮੇਨੈਜਰ/ਮੁੱਖ ਇੰਜ:ਪਾਵਰਕਾਮ
9. ਮੁੱਖ ਇੰਜੀਨੀਅਰ ਵੰਡ ਉੱਤਰ ਜੋਨ ਪਾਵਰਕਾਮ ਜਲੰਧਰ
10. ਉੱਪ ਮੁੱਖ ਇੰਜੀਨੀਅਰ / ਪ੍ਰਸੋਨਲ ਪਾਵਰਕਾਮ ਪਟਿਆਲਾ
11. ਉੱਪ ਮੁੱਖ ਇੰਜੀਨੀਅਰ/ ਪੱਕਾ ਕਰਨ ਭਾਗ , ਪਾਵਰਕਾਮ ਪਟਿਆਲਾ
12. ਉੱਪ ਮੁੱਖ ਇੰਜੀਨੀਅਰ / ਆਈ.ਟੀ ਪਾਵਰਕਾਮ ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦਫਤਰੀ ਹੁਕਮ ਪਾਵਰਕਾਮ ਦੀ ਵੈਬ-ਸਾਈਟ ਤੇ ਅਪਲੋਡ ਕਰਵਾਇਆ ਜਾਵੇ ਜੀ।
13. ਉੱਪ ਮੁੱਖ ਇੰਜੀਨੀਅਰ ਵੰਡ ਹਲਕਾ ਪਾਵਰਕਾਮ ਨਵਾਂਸ਼ਹਿਰ
14. ਸਮੂਹ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ ਪਾਵਰਕਾਮ
15. ਵਧੀਕ ਨਿਗਰਾਨ ਇੰਜੀਨੀਅਰ ਵੰਡ ਪੂਰਬ ਮੰਡਲ, ਪਾਵਰਕਾਮ, ਜਲੰਧਰ
16. ਉੱਪ ਮੰਡਲ ਅਫਸਰ, ਟੈਕਨੀਕਲ ਯੂਨਿਟ-2 ਨਹਿਰੂ ਗਾਰਡਨ, ਪਾਵਰਕਾਮ, ਜਲੰਧਰ
17. ਉੱਪ ਮੰਡਲ ਅਫਸਰ ਵੰਡ ਉੱਪ ਮੰਡਲ ਮੁਕੰਦਪੁਰ, ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨੱਥੀ ਦਫਤਰੀ ਹੁਕਮ ਦੀ ਕਾਪੀ ਸੰਬੰਧਿਤ ਕਾਮੇਂ ਨੂੰ ਸੌਂਪ ਕੇ ਉਸਦੀ ਮਿਤੀ ਬੱਧ ਪ੍ਰਾਪਤੀ ਰਸੀਦ ਲੈ ਕੇ ਇਸ ਦਫਤਰ ਨੂੰ ਭੇਜੀ ਜਾਵੇ, ਜੇਕਰ ਕਿਸੇ ਕਾਰਨ ਕਰਕੇ ਇਹ ਦਫਤਰੀ ਹੁਕਮ ਕਾਮੇ ਨੂੰ ਨਾਂ ਸੌਂਪਿਆ ਜਾ ਸਕਦਾ ਹੋਵੇ ਤਾਂ ਆਪਣੇ ਦਫਤਰ ਦੇ ਵਿਸ਼ੇਸ਼ ਦੂਤ ਨੂੰ ਭੇਜ ਕੇ ਕਾਮੇਂ ਦੇ ਘਰ ਦੇ ਪੱਕੇ ਪਤੇ ਤੇ ਉਸਦੇ ਘਰ ਦੇ ਦਰਵਾਜੇ ਤੇ ਚਿਪਕਾਇਆ ਜਾਵੇ ਅਤੇ ਮੁਹੱਲੇ ਦੇ ਕਿਸੇ ਜਿੰਮੇਵਾਰ ਵਿਅਕਤੀ ਦੀ ਹਾਜਰੀ ਵਿੱਚ ਗਵਾਹੀ ਲਈ ਜਾਵੇ।
18. ਸਮੂਹ ਸਹਾਇਕ ਕਾਰਜਕਾਰੀ ਇੰਜ:/ਸਹਾਇਕ ਇੰਜ: ਪਾਵਰਕਾਮ
19. ਸਮੂਹ ਉੱਪ ਮੰਡਲ ਅਫਸਰ, ਵੰਡ ਉੱਪਮੰਡਲ ਅਧੀਨ, ਵੰਡ ਮੰਡਲ ਪਾਵਰਕਾਮ, ਬੰਗਾ
20. ਸ਼੍ਰੀ ਸੁਨੀਲ ਦੱਤ,ਸੇਵਾਦਾਰ, ਸ਼੍ਰੀ ਰਾਮ ਲੁਭਾਇਆ ,ਆਈ.ਡੀ : 312035, ਪਿੰਡ ਤੇ ਡਾਕ: ਲਕਸੀਹਾਂ,ਤਹਿਸੀਲ:ਗੜ੍ਹਸ਼ੰਕਰ,ਜਿਲ੍ਹਾ ਹੁਸ਼ਿਆਰਪੁਰ-146108-**ਰਜਿਸਟਰਡ ਡਾਕ**

ਸੀਨੀਅਰ ਕਾਰਜਕਾਰੀ ਇੰਜੀਨੀਅਰ
ਵੰਡ ਮੰਡਲ ਪਾਵਰਕਾਮ ਬੰਗਾ